ਵਾਪਸੀ ਮਿਤੀ :

# ਪੰਜਾਬੀ - ਤੀਜੀ ਭਾਸ਼ਾ

# ਨਮੂਨੇ ਦਾ ਪ੍ਰਸ਼ਨ-ਪੱਤਰ

ਜਮਾਤ : ਅਠਵੀਂ

ਸੈਕਸ਼ਨ : ਸੀ

ਕੁੱਲ ਅੰਕ : 80

ਪਾਠਕ੍ਰਮ : ਅਣਡਿੱਠਾ ਪੈਰ੍ਹਾ, ਵਿਆਕਰਨ,

ਨੋਟ : ਹੇਠ ਦਿੱਤੇ ਸੈਂਪਲ ਪੇਪਰ ਨੂੰ ਸ਼ੀਟਾਂ 'ਤੇ ਹੱਲ ਕਰੋ।

## ਭਾਗ - ੳ

1) ਅਣਡਿੱਠਾ ਪੈਰ੍ਹਾ : (5+5=10)

ਜਹਾਂਗੀਰ ਆਪਣੇ ਬਹੁਤ ਸਾਰੇ ਕੰਮਾਂ ਵਿੱਚ ਆਪਣੇ ਬਾਪ ਅਕਬਰ ਬਾਦਸ਼ਾਹ ਦੇ ਬਿਲਕੁਲ ਉਲਟ ਸੀ ਪਰ ਧਾਰਮਕ ਵਿਚਾਰਾਂ ਵਿਚ ਤਾਂ ਦੋਹਾਂ ਦਾ ਜ਼ਮੀਨ-ਆਸਮਾਨ ਦਾ ਫ਼ਰਕ ਸੀ। ਅਕਬਰ ਨੇ ਜਿੱਥੇ ਸਾਰੇ ਧਰਮਾਂ ਨੂੰ ਚੰਗਾ ਜਾਣਦੇ ਹੋਏ ਆਪਣੀ ਹਕੂਮਤ ਨੂੰ ਪੱਕਿਆਂ ਕਰਨ ਲਈ ਆਪਣੇ ਵਿਚਾਰ ਅਨੁਸਾਰ ਇੱਕ ਨਵੇਂ ਧਰਮ ਦੀ ਬੁਨਿਆਦ ਰੱਖ ਕੇ ਇਸਲਾਮੀ ਤੁਅੱਸੁਬ ਨੂੰ ਦੂਰ ਟਾ ਕੇ ਲੋਕਾਂ ਨੂੰ ਖੁਸ਼ ਕਰਨ ਦੀ ਪਾਲਿਸੀ ਅਖ਼ਤਿਆਰ ਕੀਤੀ ਸੀ, ਉੱਥੇ ਜਹਾਂਗੀਰ ਬਿਲਕੁਲ ਉਸ ਦੇ ਵਿਰੁੱਧ ਇਸਲਾਮੀ ਤੁਅੱਸੁਬ ਦਾ ਪੁਤਲਾ ਸੀ ਤੇ ਆਪਣੇ ਬਾਪ ਦੇ ਧਾਰਮਕ ਵਿਚਾਰਾਂ ਦੇ ਕਾਰਨ ਉਸਦਾ ਅੰਦਰੋ-ਅੰਦਰੀ ਸਖ਼ਤ ਵਿਰੋਧੀ ਸੀ। ਇਸ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਜਹਾਂਗੀਰ ਨੇ ਆਪਣੇ ਬਾਪ ਦੇ ਨਵੇਂ ਧਰਮ ਚਲਾਉਣ ਦੇ ਇਰਾਦੇ ਵਿੱਚ ਮਦਦ ਕਰਨ ਵਾਲੇ ਉਸਦੇ ਇਕ ਪੱਕੇ ਦੋਸਤ ਅਬੁਲ ਫਜ਼ਲ ਨੂੰ ਮਰਵਾ ਦਿੱਤਾ ਸੀ।

ਉਪਰੋਕਤ ਪੈਰੇ ਦੇ ਅਧਾਰਤ 'ਤੇ ਹੇਠਲੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰਾਂ ਸਾਹਮਣੇ (✓) ਦਾ ਨਿਸ਼ਾਨ ਲਗਾਓ :

1) ਧਰਮ ਬਾਰੇ ਜਹਾਂਗੀਰ ਆਪਣੇ ਪਿਤਾ ਅਕਬਰ ਬਾਦਸ਼ਾਹ ਨਾਲ ਕਿਹੋ ਜਿਹੇ ਵਿਚਾਰ ਰੱਖਦਾ ਸੀ?

ੳ) ਪਿਤਾ ਨਾਲ ਪੂਰੀ ਤਬ੍ਹਾਂ ਸਹਿਮਤ    ਅ) ਪਿਤਾ ਤੋਂ ਵਿਰੋਧੀ ਵਿਚਾਰ

ੲ) ਕੁਝ ਵਿਚਾਰਾਂ ਨਾਲ ਸਹਿਮਤ    ਸ) ਸਮੇਂ-ਸਮੇਂ ਵਿਚਾਰ ਬਦਲਦਾ ਸੀ

2) ਅਕਬਰ ਬਾਦਸ਼ਾਹ ਦੇ ਧਰਮ ਸੰਬੰਧੀ ਕੀ ਵਿਚਾਰ ਸਨ?

ੳ) ਸਭ ਧਰਮ ਚੰਗੇ ਹਨ    ਅ) ਕੋਈ ਧਰਮ ਚੰਗਾ ਨਹੀਂ ਹੈ

ੲ) ਮੁਸਲਮਾਨ ਹੀ ਚੰਗੇ ਹਨ    ਸ) ਧਰਮ ਦਾ ਵਿਰੋਧ ਕਰਨਾ ਠੀਕ ਹੈ

3) ਅਕਬਰ ਬਾਦਸ਼ਾਹ ਨੇ ਲੋਕਾਂ ਨੂੰ ਖੁਸ਼ ਕਰਨ ਲਈ ਕੀ ਕੀਤਾ?

ੳ) ਲੋਕਾਂ ਨੂੰ ਨੌਕਰੀਆਂ ਦਿੱਤੀਆਂ   ਅ) ਗ਼ਰੀਬਾਂ ਨੂੰ ਜ਼ਮੀਨਾਂ ਦਿੱਤੀਆਂ

ੲ) ਨਵੇਂ ਧਰਮ ਦੀ ਨੀਂਹ ਰੱਖੀ   ਸ) ਮੁਸਲਮਾਨਾਂ ਨੂੰ ਚੰਗੇ ਕਿਹਾ

4) ਜਹਾਂਗੀਰ ਨੇ ਅਬੁਲ ਫ਼ਜ਼ਲ ਨੂੰ ਮਰਵਾਇਆ ਸੀ ਕਿਉਂਕਿ :

ੳ) ਆਪਣੇ ਵਿਰੁੱਧ ਬੋਲਣ ਕਰਕੇ

ਅ) ਜਾਸੂਸੀ ਕਰਨ ਕਰਕੇ

ੲ) ਖ਼ਜ਼ਾਨੇ ਨੂੰ ਨੁਕਸਾਨ ਪਹੁੰਚਾਉਣ ਕਰਕੇ

ਸ) ਨਵਾਂ ਧਰਮ ਚਲਾਉਣ 'ਚ ਸਹਾਇਤਾ ਕਰਕੇ

5) ਜਹਾਂਗੀਰ ਦਾ ਪਿਤਾ ਕੌਣ ਸੀ?

ੳ) ਹਮਾਯੂੰ   ਅ) ਬਾਬਰ   ੲ) ਅਕਬਰ   ਸ) ਔਰੰਗਜ਼ੇਬ

1) ਅਣਡਿੱਠਾ ਪੈਰ੍ਹਾ

ਰਣਜੀਤ ਸਿੰਘ ਇੱਕ ਬਹਾਦਰ ਸੈਨਿਕ, ਸੁਯੋਗ ਸੈਨਾ ਨਾਇਕ ਅਤੇ ਮਹਾਨ ਵਿਜੇਤਾ ਸੀ। ਉਸਨੇ ਆਪਣੇ ਵਿਸ਼ਾਲ ਸੈਨਿਕ ਗੁਣਾਂ ਕਰਕੇ ਇੱਕ ਛੋਟੀ ਜਿਹੀ ਮਿਸਲ ਤੋਂ ਫਰਾਂਸ ਜੇਡਾ ਵੱਡਾ ਤੇ ਸੰਗਠਿਤ ਰਾਜ ਸਥਾਪਿਤਾ ਕੀਤਾ। 'ਲੈਪਲ ਗ੍ਰਿਫਨ' ਦੇ ਸ਼ਬਦਾਂ ਵਿੱਚ ਉਹ ਇੱਕ ਆਦਰਸ਼ ਸੈਨਿਕ ਸੀ ਜੋ ਬੜਾ ਬਲਵਾਨ, ਫੁਰਤੀਲਾ ਤੇ ਹੌਸਲੇ ਵਾਲਾ ਸੀ। ਉਹ ਹਰ ਕਸ਼ਟ ਝੱਲਣ ਦੀ ਸਮਰਥਾ ਰੱਖਣ ਵਾਲਾ ਸੀ।ਉਸਨੇ ਯੂਰਪੀਅਨ ਸੈਨਿਕ ਢੰਗ-ਤਰੀਕੇ ਧਾਰਨ ਕਰਨਾ ਇਸ ਲਈ ਜ਼ਰੂਰੀ ਸਮਝਿਆ ਸੀ ਕਿ ਕਦੇ ਨਾ ਕਦੇ ਲਾਹੌਰ ਦਰਬਾਰ ਨੂੰ ਅੰਗਰੇਜ਼ਾਂ ਨਾਲ ਟੱਕਰ ਲੈਣੀ ਪੈਣੀ ਸੀ ਜਿਸ ਲਈ ਜ਼ਰੂਰੀ ਸੀ ਕਿ ਯੂਰਪੀ ਢੰਗ-ਤਰੀਕੇ ਉੱਤੇ ਹੀ ਸੈਨਾ ਦਾ ਨਿਰਮਾਣ ਕੀਤਾ ਜਾਏ। ਸਭ ਸੈਨਿਕਾਂ ਲਈ ਇੱਕ ਤਰ੍ਹਾਂ ਦੀ ਵਰਦੀ ਇੱਕ ਤਰ੍ਹਾਂ ਦੀ ਸੈਨਿਕ ਸਿਖਲਾਈ, ਇਕ ਤਰ੍ਹਾਂ ਦੇ ਹਥਿਆਰ ਅਤੇ ਇੱਕ ਤਰ੍ਹਾਂ ਦੀ ਲੜਨ ਵਿਧੀ ਆਦਿ, ਯੂਰਪੀਅਨ ਢੰਗ ਅਨੁਸਾਰ ਸੀ। ਇਸ ਤਰ੍ਹਾਂ ਇੱਕ ਸੂਝਵਾਨ ਸੈਨਾ ਨਾਇਕ ਦੀ ਤਰ੍ਹਾਂ ਮਹਾਰਾਜੇ ਨੇ ਜੋ ਕੁਝ ਯੂਰਪੀਅਨ ਸੈਨਿਕ ਪ੍ਰਬੰਧ ਵਿੱਚ ਸਭ ਤੋਂ ਚੰਗਾ ਸਮਝਿਆ, ਉਸਨੂੰ ਅਪਣਾ ਕੇ ਇੱਕ ਕੁਸ਼ਲ ਅਤੇ ਸ਼ਕਤੀਸ਼ਾਲੀ ਸੈਨਿਕ ਪ੍ਰਬੰਧ ਸਥਾਪਿਤ ਕੀਤਾ।

1) ਰਣਜੀਤ ਸਿੰਘ ਨੇ ਕਿਸ ਢੰਗ ਦੀ ਸੈਨਾ ਤਿਆਰ ਕੀਤੀ ਸੀ?

ੳ) ਅਫ਼ਰੀਕਰਨ ਅ) ਯੂਰਪੀਅਨ ੲ) ਏਸ਼ੀਅਨ ਹ) ਅਮਰੀਕਨ

2) ਮਹਰਾਜਾ ਰਣਜੀਤ ਸਿੰਘ ਨੇ ਕਿਸ ਦੇਸ਼ ਜਿੱਡਾ ਵੱਡਾ ਰਾਜ ਸਥਾਪਿਤ ਕੀਤਾ ਸੀ?

ੳ) ਸਿੰਘਾਪੁਰ ਅ) ਬਰਤਾਨੀਆ ੲ) ਫ਼ਰਾਂਸ ਸ) ਜਪਾਨ

3) ਰਣਜੀਤ ਸਿੰਘ ਕਿਸਤਰ੍ਹਾਂ ਦਾ ਸੈਨਿਕ ਸੀ?

ੳ) ਡਰਪੋਕ ਤੇ ਸੁਸਤ ਅ) ਬਹਾਦਰ ਅਤੇ ਲਾਲਚੀ

ੲ) ਬਹਾਦਰ ਅਤੇ ਸੁਯੋਗ ਨਾਇਕ ਸ) ਹੌਸਲਾ ਹਾਰਨ ਵਾਲਾ

4) ਰਣਜੀਤ ਸਿੰਘ ਦੀ ਪ੍ਰਸੰਸਾ ਕਿਸਨੇ ਕੀਤੀ ਹੈ?

ੳ) ਸਿੱਖ ਨੇਤਾਵਾਂ ਨੇ ਅ) ਅੰਗਰੇਜ਼ਾਂ ਨੇ

ੲ) ਆਮ ਲੋਕਾਂ ਨੇ ਸ) ਲੈਪ ਗ੍ਰਿਫਨ ਨੇ

5) ਰਣਜੀਤ ਸਿੰਘ ਨੂੰ ਕਿਸ ਨਾਲ ਟੱਕਰ ਲੈਣ ਬਾਰੇ ਪਤਾ ਸੀ?

ੳ) ਮੁਗ਼ਲਾਂ ਨਾਲ ਅ) ਤੁਰਕਾਂ ਨਾਂਲ

ੲ) ਅੰਗਰੇਜ਼ਾਂ ਨਾਲ ਸ) ਜਪਾਨੀਆਂ ਨਾਲ

## ਭਾਗ - ਅ

1) ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (3)

ਸੈਣਾ, ਟਿਊਛਨ, ਹਪਾਇਤ, ਮੇਹਨਤ, ਬਾਰਤਵਾਸੀ, ਨਿਘੁਣੀ

2) ਸ਼ਬਦਾਂ ਦੇ ਅਰਥ ਲਿਖੋ: (3)

ਇਨਸਾਫ, ਕਿੱਤੇ, ਜਨਨੀ, ਵੀਰ, ਅਣਖੀਲੇ, ਬੰਦੀ

3) ਵਾਕ ਬਣਾਓ : (3)

ਪੜ੍ਹਾਈ, ਜ਼ਗ, ਮਿਹਨਤ

4) ਖਾਲੀ ਥਾਵਾਂ ਭਰੋ : (2)

ੳ) ਅਵਤਾਰ .................. ਦਾ ਬੱਚਾ ਹੀ ਸੀ।

ਅ) ਰਾਜਾ ਪੋਰਸ ਇੱਕ .............. ਰਾਜਾ ਸੀ।

5) ਪਾਠ 'ਰਾਜਾ ਪੋਰਸ ਤੇ ਸਿਕੰਦਰ' ਤੇ ਪਾਠ 'ਮਾਂ ਦਾ ਪਿਆਰ' ਪੜ੍ਹ ਕੇ ਦੋਹਾਂ ਵਿੱਚੋਂ ਪੰਜ-ਪੰਜ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ ਲੱਭੋ ਤੇ ਉੱਤਰਾਂ ਸਮੇਤ ਸ਼ੀਟਾਂ 'ਤੇ ਲਿਖੋ। (10)

6) ਪ੍ਰਸ਼ਨ ਦਾ ਉੱਤਰ ਤਿੰਨ - ਚਾਰ ਸਤਰਾਂ ਵਿੱਚ ਲਿਖੋ। (2)

ਪ੍ਰਿੰਸੀਪਲ ਮੈਡਮ ਨੇ ਅਵਤਾਰ ਦੀ ਸਿਫ਼ਤ ਕਰਦਿਆਂ ਕੀ ਕਿਹਾ ਸੀ?

7) ਪੈਰ੍ਹਾ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: (5)

ਸਾਫ਼ ਸ਼ੁੱਧ ਹਵਾ ਸਾਡੀ ਜਿੰਦਜਾਨ ਹੈ,
ਕਿੱਡਾ ਵੱਡਾ ਕੁਦਰਤ ਦਾ ਇਹ ਵਰਦਾਨ ਹੈ।
ਇਹਦੇ ਵਿੱਚ ਸਾਹ ਲੈਂਦੇ ਜੀ-ਜੰਤ ਸਾਰੇ,
ਕਈ ਉੱਡੇ ਫਿਰਦੇ ਖੰਭਾਂ ਦੇ ਸਹਾਰੇ।
ਛੋਟੇ-ਵੱਡੇ ਸਭ ਦੀ ਹੀ ਇਹਦੇ ਵਿੱਚ ਜਾਨ ਹੈ,
ਕਾਲੇ-ਕਾਲੇ ਬੱਦਲ ਵੀ ਇਹੀ ਲੈ ਕੇ ਆਉਂਦੀ ਹੈ,
ਛਮ-ਛਮ ਕਰਕੇ, ਹੀ ਮੀਂਹ ਵਰ੍ਹਾਉਂਦੀ ਹੈ।
ਉੱਡਦੇ ਪੰਤਗਾਂ ਵਿੱਚ ਪਾਉਂਦੀ ਇਹ ਜਾਨ ਹੈ,
ਚੰਗੇ ਬੜੇ ਲੱਗਦੇ ਨੇ ਹਵਾ ਦੇ ਇਹ ਬੁੱਲੇ
ਪਿੱਪਲ ਅਤੇ ਬੋਹੜ ਹਨ ਇਹਦੇ ਨਾਲ ਝੁੱਲੇ।

ੳ) ਹਵਾ ਕਿਸਦਾ ਦਿੱਤਾ ਵਰਦਾਨ ਹੈ?

ਅ) ਕਿਹੋ-ਜਿਹੀ ਹਵਾ ਮਨੁੱਖ ਦੀ ਜਿੰਦ-ਜਾਨ ਹੈ?

ੲ) ਪਤੰਗ ਕਿਸਦੇ ਸਹਾਰੇ ਉੱਡਦੀ ਹੈ?

ਸ) 'ਜੀ-ਜੰਤ' ਅਤੇ 'ਬੁੱਲੇ' ਸ਼ਬਦਾਂ ਦੇ ਅਰਥ ਲਿਖੋ।

ਹ) ਹਵਾ ਕਿਹੋ-ਜਿਹੇ ਬੱਦਲ ਲੈ ਕੇ ਆਉਂਦੀ ਹੈ?

## ਭਾਗ - ੲ

1) ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ: (6)

ਪੱਖੀ, ਕਲਮ, ਮੂਲੀ, ਦਵਾਈ, ਕਿੱਲੀ, ਨਲਕਾ, ਵਹੁਟੀ, ਤਾੜੀ, ਹੱਟੀ, ਕਾਂ, ਖ਼ੁਸ਼ਬੋ, ਥਾਂ

2) ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ: (6)

ਗੁੱਜਰ, ਪੁੱਤਰ, ਤਰਖਾਣ, ਥਾਲ, ਪਹਾੜ, ਚੱਕਰ, ਸੁਨਿਆਰ, ਦੇਵ, ਵਕੀਲ, ਸੂਬੇਦਾਰ, ਗਿੱਦੜ, ਹੰਸ

3) ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ: (6)

ਸੁਖੀ, ਸ਼ੁਰੂ, ਆਸ਼ਾ, ਸਸਤਾ, ਅੰਦਰ, ਉਰਲਾ, ਅਚੇਤ, ਸਖ਼ਤ, ਆਸਤਕ, ਸੰਭਵ, ਡਰਾਕਲ, ਨਕਲੀ

4) ਹੇਠ ਲਿਖੇ ਮੁਹਾਵਰਿਆਂ ਦੇ ਅਰਥ ਲਿਖੋ: (6)

ਸਬਰ ਦਾ ਘੁੱਟ ਭਰਨਾ, ਹੱਥ ਤੰਗ ਹੋਣਾ, ਹੱਥ ਅੱਡਣਾ, ਹਰਨ ਹੋ ਜਾਣਾ,ਕੰਨਾਂ ਨੂੰ ਹੱਥ ਲਾਉਣਾ, ਕੁੱਤੇ ਦੀ ਮੌਤ ਮਰਨਾ

## ਭਾਗ - ਸ

1) ਮੁੱਖ-ਅਧਿਆਪਕ ਨੂੰ ਜੁਰਮਾਨਾ ਮੁਆਫ਼ੀ ਲਈ ਪੱਤਰ ਲਿਖੋ। (8)

2) ਲੇਖ 'ਜੰਗਲਾਂ ਦੇ ਲਾਭ' ਲਿਖੋ। (10)